## ਭਗਤ ਸੂਰਦਾਸ - ਸਬਦ ੧

## ਛਾਡਿ ਮਨ ਹਰਿ ਬਿਮੁਖਨ ਕੋ ਸੰਗੁ ॥

### ਰਾਗੁ ਸਾਰੰਗ, ਭਗਤ ਸੂਰਦਾਸ, ਗੁਰੂ ਗ੍ਰੰਥ ਸਾਹਿਬ, ੧੨੫੩

ਛਾਡਿ ਮਨ ਹਰਿ ਬਿਮੁਖਨ ਕੋ ਸੰਗੁ ॥
ਹਰਿ ਕੇ ਸੰਗ ਬਸੇ ਹਰਿ ਲੋਕ ॥
ਤਨੁ ਮਨੁ ਅਰਪਿ ਸਰਬਸੁ ਸਭੁ ਅਰਪਿਓ ਅਨਦ ਸਹਜ ਧੁਨਿ ਝੋਕ ॥੧॥ ਰਹਾਉ ॥
ਦਰਸਨੁ ਪੇਖਿ ਭਏ ਨਿਰਬਿਖਈ ਪਾਏ ਹੈ ਸਗਲੇ ਥੋਕ ॥
ਆਨ ਬਸਤੁ ਸਿਉ ਕਾਜੁ ਨ ਕਛੂਐ ਸੁੰਦਰ ਬਦਨ ਅਲੋਕ ॥੧॥
ਸਿਆਮ ਸੁੰਦਰ ਤਜਿ ਆਨ ਜੁ ਚਾਹਤ ਜਿਉ ਕੁਸਟੀ ਤਨਿ ਜੋਕ ॥
ਸੂਰਦਾਸ ਮਨੁ ਪ੍ਰਭਿ ਹਥਿ ਲੀਨੋ ਦੀਨੋ ਇਹੁ ਪਰਲੋਕ ॥੨॥੧॥੮॥

ਸਾਰ: ਵਚਨਬੱਧਤਾਵਾਂ ਅਚੇਤ ਰੁਝਾਨ ਬਣ, ਭਾਵਨਾਤਮਕ ਅਤੇ ਦੁਹਰਾਅ ਨਾਲ ਤ੍ਰਾਸ਼ੀਆਂ ਗਈਆਂ ਪ੍ਰਤੀਕਿਰਿਆਤਮਕ ਆਦਤਾਂ ਦਾ ਰੂਪ ਧਾਰਨ ਕਰ ਸਕਦੀਆਂ ਹਨ। ਆਲੋਚਨਾਤਮਕ ਚਿੰਤਨ ਰਾਹੀਂ ਅਸੀਂ ਇਨ੍ਹਾਂ ਰੁਝਾਨਾਂ ਨੂੰ ਬਿਨਾਂ ਕਿਸੇ ਨਿਰਣੇ ਜਾਂ ਪੱਖਪਾਤ ਦੇ ਪਛਾਣਨਾ ਸ਼ੁਰੂ ਕਰ ਦਿੰਦੇ ਹਾਂ। ਇਹ ਪਛਾਣ ਉਤੇਜਨਾ ਅਤੇ ਕਿਰਿਆ ਦੇ ਵਿਚਕਾਰ ਇਕ ਖਲਾਅ ਪੈਦਾ ਕਰਦੀ ਹੈ। ਉਸ ਖਲਾਅ ਦੇ ਅੰਦਰ ਸਾਡੀਆਂ ਵਚਨਬੱਧਤਾਵਾਂ ਸ੍ਰਿਸ਼ਟੀ ਦੀ ਏਕਤਾ ਨਾਲ ਸੁਚੇਤ ਰੂਪ ਵਿਚ ਇਕਸਾਰ ਹੋ ਸਕਦੀਆਂ ਹਨ। ਅਜਿਹੀ ਇਕਸਾਰਤਾ ਸਾਨੂੰ ਸੁਭਾਵਿਕ ਤੌਰ ‘ਤੇ ਉਹਨਾਂ ਸਬੰਧਾਂ ਵੱਲ ਲੈ ਜਾਂਦੀ ਹੈ ਜੋ ਏਕਤਾ, ਆਪਸੀ ਜੁੜਾਅ ਅਤੇ ਨਿੱਜੀ ਵਿਕਾਸ ਨੂੰ ਉਤਸ਼ਾਹਿਤ ਕਰਦੇ ਹਨ, ਅਤੇ ਉਹਨਾਂ ਪ੍ਰਭਾਵਾਂ ਤੋਂ ਦੂਰ ਕਰਦੀ ਹੈ ਜੋ ਸਾਡੀ ਜਾਗਰੂਕਤਾ ਅਤੇ ਸਮਝ ਨੂੰ ਖੰਡਿਤ ਕਰਦੇ ਹਨ।

ਛਾਡਿ ਮਨ ਹਰਿ ਬਿਮੁਖਨ ਕੋ ਸੰਗੁ ॥
ਹੇ ਮਨ, ਉਹਨਾਂ ਲੋਕਾਂ ਦੀ ਸੰਗਤ ਨਾ ਕਰ ਜੋ ਸ੍ਰਿਸ਼ਟੀ ਦੀ ਏਕਮਤਾ ਪ੍ਰਤੀ ਵਚਨਬੱਧ ਨਹੀਂ ਹਨ। ਇਸ ਤੱਥ ਤੋਂ ਸੇਧ ਮਿਲਦੀ ਹੈ ਕਿ ਉਨ੍ਹਾਂ ਵਿਚਾਰਾਂ, ਕਰਮਾਂ ਅਤੇ ਸੰਗਤ ਨੂੰ ਧਾਰਨ ਕਰੋ ਜਿਹੜੇ ਸਾਡਾ ਰੂਹਾਨੀ ਵਿਕਾਸ ਕਰ ਏਕਤਾ ਦੀ ਭਾਵਨਾ ਪੈਦਾ ਕਰਦੇ ਹਨ।

ਹਰਿ ਕੇ ਸੰਗ ਬਸੇ ਹਰਿ ਲੋਕ ॥

ਜਿਹੜੇ ਸਰਬ ਵਿਆਪਕ ਚੇਤਨਾ ਨੂੰ ਧਾਰਨ ਕਰਦੇ ਹਨ, ਉਹ ਉਸੇ ਚੇਤਨਾ ਦੀ ਸੰਗਤ ਵਿਚ ਰਹਿੰਦੇ ਹਨ। ਇਹ ਭਾਵ ਜਾਗ੍ਰਿਤੀ ਦੀ ਉਸ ਅਵਸਥਾ ਨੂੰ ਦਰਸਾਉਂਦਾ ਹੈ ਜਿੱਥੇ ਵਿਅਕਤੀ ਉਨ੍ਹਾਂ ਵਿਚਾਰਾਂ, ਕਿਰਿਆਵਾਂ ਅਤੇ ਸੰਗਤ ਨਾਲ ਇਕਸੁਰ ਹੁੰਦਾ ਹੈ ਜੋ ਹੋਂਦ ਦੇ ਤੱਤਸਾਰ ਨਾਲ ਗੂੰਜਦੇ ਹਨ।

ਤਨੁ ਮਨੁ ਅਰਪਿ ਸਰਬਸੁ ਸਭੁ ਅਰਪਿਓ ਅਨਦ ਸਹਜ ਧੁਨਿ ਝੋਕ ॥੧॥ ਰਹਾਉ ॥

ਸੰਪੂਰਨਤਾ ਨੂੰ ਪ੍ਰਾਪਤ ਕਰਨ ਲਈ ਸਰੀਰਕ ਅਤੇ ਮਾਨਸਿਕ ਸਮਰਪਣ ਮਨੁੱਖ ਨੂੰ ਪੂਰਨ ਅਰਪਣ ਦੀ ਅਵਸਥਾ ਤੱਕ ਲੈ ਜਾਂਦਾ ਹੈ। ਇਹ ਅਵਸਥਾ ਅੰਤਰੀਵੀ ਸ਼ਾਂਤੀ, ਸਹਿਜਤਾ ਅਤੇ ਅੰਤਰ-ਪ੍ਰੇਰਿਤ ਸੰਤੁਲਨ ਦੀ ਇਕ ਸੁਰੀਲੀ ਧੁਨ ਦਾ ਨਾਦ ਛੇੜਦੀ ਹੈ। ਹਰ ਤਰ੍ਹਾਂ ਦੇ ਡਰ ਅਤੇ ਸੰਦੇਹ ਅੱਗੇ ਸਮਰਪਣ ਕਰ, ਮਨ ਇਨ੍ਹਾਂ ਰੁਕਾਵਟਾਂ ਤੋਂ ਪਾਰ ਜਾ ਅਨੰਦ ਦੀ ਮੂਲ ਅਵਸਥਾ ਤੱਕ ਪਹੁੰਚ ਸਕਦਾ ਹੈ। (੧)(ਠਹਿਰਾਉ)

ਦਰਸਨੁ ਪੇਖਿ ਭਏ ਨਿਰਬਿਖਈ ਪਾਏ ਹੈ ਸਗਲੇ ਥੋਕ ॥

ਰੂਹਾਨੀ ਸੂਝ ਦੇ ਰਾਹ ਚੱਲ, ਅਸੀਂ ਆਪਣੇ ਆਪ ਨੂੰ ਨਕਾਰਾਤਮਕਤਾ ਤੋਂ ਮੁਕਤ ਕਰ ਸਕਦੇ ਹਾਂ ਅਤੇ ਅਸੀਮ ਸੰਭਾਵਨਾਵਾਂ ਨੂੰ ਖੋਲ੍ਹ ਸਕਦੇ ਹਾਂ। ਇਸ ਤੱਥ ਦਾ ਭਾਵ ਹੈ ਕਿ ਜਿਵੇਂ-ਜਿਵੇਂ ਕੋਈ ਬਿਬੇਕ ਦਾ ਧਾਰਨੀ ਹੁੰਦਾ ਹੈ, ਉਹ ਫਲਦਾਇਕ ਸੂਝ ਅਤੇ ਰੁਪਾਂਤ੍ਰਣਸ਼ੀਲ ਅਨੁਭਵਾਂ ਦਾ ਦਰ ਖੋਲ੍ਹ ਲੈਂਦਾ ਹੈ।

ਆਨ ਬਸਤੁ ਸਿਉ ਕਾਜੁ ਨ ਕਛੂਐ ਸੁੰਦਰ ਬਦਨ ਅਲੋਕ ॥੧॥

ਸਰਬਵਿਆਪਕ ਚੇਤਨਾ ਹੁਣ ਅੰਦਰ ਵੱਸਦੀ ਹੈ; ਇਸ ਅਣਦੇਖੀ, ਸਰਬ ਵਿਆਪਕ ਸਤਾ ਦੀ ਅਦਭੁਤ ਸੁੰਦਰਤਾ ਨੂੰ ਵੇਖਣ ਤੋਂ ਵੱਡਾ ਕੋਈ ਕਰਮ ਨਹੀਂ ਹੈ। ਇਹ ਭਾਵ ਅੰਤਰੀਵੀ ਪਵਿੱਤਰਤਾ ਅਤੇ ਸ਼ਾਂਤੀ ਦੀ ਮਾਨਤਾ ਨੂੰ ਦਰਸਾਉਂਦਾ ਹੈ, ਜਿੱਥੇ ਦੁਨਿਆਵੀ ਮਾਮਲੇ ਮੌਜੂਦ ਤਾਂ ਰਹਿੰਦੇ ਹਨ ਪਰ ਹੁਣ ਉਹ ਅੰਤਹਕਰਣ ਨੂੰ ਆਪਣੇ ਅਧੀਨ ਨਹੀਂ ਕਰ ਪਾਉਂਦੇ। (੧)

ਸਿਆਮ ਸੁੰਦਰ ਤਜਿ ਆਨ ਜੁ ਚਾਹਤ ਜਿਉ ਕੁਸਟੀ ਤਨਿ ਜੋਕ ॥
ਸਰਬਵਿਆਪਕ ਸਤਾ ਦੀ ਸੁੰਦਰਤਾ ਅਤੇ ਮਹਿਮਾ ਨੂੰ ਤਿਆਗ ਕੇ ਨਾਸ਼ਵੰਤ ਵਸਤਾਂ ਵਿਚ ਸਨਮਾਨ ਅਤੇ ਮਾਣ ਦੀ ਇੱਛਾ ਰੱਖਣਾ ਉਸੇ ਤਰ੍ਹਾਂ ਹਾਨੀਕਾਰਕ ਹੈ ਜਿਵੇਂ ਕਿਸੇ ਕੋੜ੍ਹ-ਪੀੜਤ ਦੇ ਸਰੀਰ ਉੱਤੇ ਜੋਂਕ ਦਾ ਲੱਗ ਜਾਣਾ। ਇਹ ਉਦਾਹਰਨ ਮਨ ਦੀ ਉਸ ਪ੍ਰਵਿਰਤੀ ਨੂੰ ਉਜਾਗਰ ਕਰਦੀ ਹੈ ਜੋ ਅਸਲ ਸੰਤੁਸ਼ਟੀ ਅਤੇ ਪੂਰਣਤਾ ਨੂੰ ਅਣਡਿੱਠ ਕਰਕੇ ਗਲਤੀ ਨਾਲ ਇੰਦ੍ਰੀਆਵੀ-ਸੁਖਾਂ ਨੂੰ ਲਾਹੇਵੰਦ ਸਮਝਣ ਦੇ ਭੁਲੇਖੇ ਵਿਚ ਫਸ ਜਾਂਦੀ ਹੈ।

ਸੂਰਦਾਸ ਮਨੁ ਪ੍ਰਭਿ ਹਥਿ ਲੀਨੋ ਦੀਨੋ ਇਹੁ ਪਰਲੋਕ ॥੨॥੧॥੮॥
ਹੇ ਸੂਰਦਾਸ! ਉਨ੍ਹਾਂ ਦਾ ਮਨ ਸਰਬ-ਵਿਆਪੀ ਚੇਤਨਾ ਦੇ ਹੱਥ ਵਿਚ ਹੈ, ਜੋ ਅਣਜਾਣ ਖੰਡਾਂ ਵਿਚ ਵੀ ਸੂਝ ਪ੍ਰਦਾਨ ਕਰਦੀ ਹੈ। ਇਹ ਭਾਵ ਦਰਸਾਉਂਦਾ ਹੈ ਕਿ ਪੂਰਤੀ ਬਾਹਰੀ ਤੌਰ 'ਤੇ ਪ੍ਰਾਪਤ ਨਹੀਂ ਹੁੰਦੀ ਬਲਕਿ ਅੰਤਰੀਵੀ ਇਕਸੁਰਤਾ ਦੁਆਰਾ ਖੋਜੀ ਜਾਂਦੀ ਹੈ। (੨)(੧)(੮)

ਤੱਤ: ਗੁਰੂ ਅਰਜਨ ਭਗਤ ਸੂਰਦਾਸ ਦੇ ਇਸ ਪ੍ਰਭਾਵਸ਼ਾਲੀ ਸੰਦੇਸ਼ ਦੀ ਦ੍ਰਿੜ੍ਹਤਾ ਨਾਲ ਪੁਸ਼ਟੀ ਕਰਦੇ ਹਨ ਕਿ ਮਨ ਅਤੇ ਹਿਰਦੇ ਨੂੰ 'ਬੇਮੁਖਾਂ' ਦੀ 'ਸੰਗਤ' ਤੋਂ ਦੂਰ ਰੱਖਣਾ ਚਾਹੀਦਾ ਹੈ। ਇੱਥੇ 'ਬੇਮੁਖ' ਉਸ ਅਗਿਆਨਤਾ ਦਾ ਪ੍ਰਤੀਕ ਹੈ ਜੋ 'ਹਰਿ' ਸ੍ਰਿਸ਼ਟੀ ਦੀ ਮੂਲ ਏਕਮਤਾ ਨੂੰ ਅਪਣਾਉਣ ਲਈ ਲੋੜੀਂਦੇ ਬਿਬੇਕ ਨੂੰ ਨਜ਼ਰਅੰਦਾਜ਼ ਕਰਦੀ ਹੈ। ਬਿਬੇਕ ਨੂੰ ਸਵਿਕਾਰ ਕਰ, ਅਸੀਂ ਸੂਝ ਦਾ ਦਰ ਖੋਲ੍ਹ ਸਕਦੇ ਹਾਂ ਅਤੇ ਸਦਭਾਵਨਾਪੂਰਨ ਤੰਦਾਂ ਰਾਹੀਂ ਅਜਿਹੀ ਅੰਤਰਸੰਬੰਧਤਾ ਕਾਇਮ ਕਰ ਸਕਦੇ ਹਾਂ ਜੋ ਸਾਨੂੰ ਸਾਰਿਆਂ ਨੂੰ ਆਪਸ ਵਿਚ ਜੋੜਦੀ ਹੈ।

---


ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**